# ਨਮੂਨੇ ਦਾ ਪ੍ਰਸ਼ਨ ਪੱਤਰ 2020-21

## ਪੰਜਾਬੀ

**104**

## ਬਾਰ੍ਹਵੀਂ *(XII)*

*Time allowed : 3 hours* *Maximum Marks : 80*

*ਸਮਾਂ ੩ ਘੰਟੇ* *ਅੰਕ 80*

# ਆਮ ਨਿਰਦੇਸ਼ —

**ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਸਾਵਧਾਨੀ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ —**

* ਇਸ ਪ੍ਰਸ਼ਨ ਪੱਤਰ ਵਿੱਚ **ਦੋ ਭਾਗ** ਹਨ — ਭਾਗ **ੳ** ਅਤੇ ਭਾਗ **ਅ**
* ਭਾਗ **ੳ** ਵਿੱਚ *(**ਅਬਜੈਕਟਿਵ**)* **ਬਹੁਵਿਕਲਪੀ** ਪ੍ਰਸ਼ਨ ਪੁੱਛੇ ਗਏ ਹਨ।
* ਭਾਗ **ਅ** ਵਿੱਚ **ਵਰਣਾਨਤਮਕ** ਪ੍ਰਸ਼ਨ ਪੁੱਛੇ ਗਏ ਹਨ।

## ਭਾਗ - ੳ

## ਬਹੁਵਿਕਲਪੀ ਪ੍ਰਸ਼ਨ (ਅਬਜੈਕਟਿਵ)

**ਪ੍ਰਸ਼ਨ-ਕ੍ਰਮ** **ਅੰਕ**

**1.** ਹੇਠ ਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ **ਕਿਸੇ ਇੱਕ** ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ — **1x5=5**

ਪੰਜਾਬੀ ਸੱਭਿਆਚਾਰ ਕੋਈ ਗਿੱਧੇ-ਭੰਗੜੇ ਦਾ ਸੱਭਿਆਚਾਰ ਨਹੀਂ ਜਿਸ ਤਰ੍ਹਾਂ ਕੁੱਝ ਲੋਕ ਇਸ ਨੂੰ ਸਮਝਦੇ ਹਨ। ਇਹ ਤਾਂ ਬਹੁਤ ਚੇਤੰਨ ਉਸਾਰੀ ਤੇ ਕਰਨੀ-ਪ੍ਰਧਾਨ ਸੱਭਿਆਚਾਰ ਹੈ, ਜਿਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅੱਜ ਦਾ ਪੰਜਾਬੀ ਅਜਿਹੇ ਚੇਤੰਨ ਸੱਭਿਆਚਾਰ ਤੋਂ ਉਰੇ ਜਾਂ ਪਰ੍ਹੇ ਖਿੱਸਕਿਆ ਹੋਇਆ ਹੈ। ਇਸੇ ਕਰਕੇ, ਉਹ ਇਸ ਪ੍ਰਤੀ ਚੇਤੰਨ ਅਤੇ ਵਫ਼ਾਦਾਰ ਨਹੀਂ ਹੈ। ਪੰਜਾਬੀ ਸੱਭਿਆਚਾਰ, ਚੇਤੰਨ ਪੱਧਰ 'ਤੇ ਆਪਣੇ ਆਪ ਵਿੱਚ ਬਹੁਤ ਕੁਝ ਸਮੋਈ ਬੈਠਾ ਹੈ। ਪੰਜ ਨਦੀਆਂ ਦਾ ਦੇਸ ਪੰਜਾਬ, ਸ਼ੁਰੂ ਤੋਂ ਹੀ ਹਮਲਾਵਰਾਂ ਦਾ ਰਾਹ ਬਣਿਆ ਰਿਹਾ ਹੈ। ਜਿਸ ਨਾਲ ਪੰਜਾਬੀ ਸਦਾ ਜੂਝਦਾ ਰਿਹਾ ਤੇ ਜਿੱਤਾਂ ਹਾਸਲ ਕਰਦਾ ਰਿਹਾ। ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ ਇਸ ਦੇ ਸੱਭਿਆਚਾਰ ਦਾ ਇਕ ਅਟੁੱਟ ਹਿੱਸਾ ਰਿਹਾ ਹੈ। ਪੰਜਾਬੀ ਸੱਭਿਆਚਾਰ ਵਿਚ ਭਾਈ ਘਨ੍ਹਈਆ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਂਦਾ ਹੈ, ਲਾਲਾ ਲਾਜਪਤ ਰਾਏ ਤੇ ਭਗਤ ਸਿੰਘ ਦੇਸ ਭਗਤੀ ਦਾ ਜਲਵਾ ਪ੍ਰਗਟਾਉਂਦੇ ਹਨ। ਕਵੀ ਪ੍ਰੋ. ਪੂਰਨ ਸਿੰਘ ਨੂੰ ਰਾਂਝਾ ਤੇ ਹੀਰ ਗੁਰੂ ਦੇ ਸਿੱਖ ਜਾਪਦੇ ਹਨ। ਪੰਜਾਬ ਦੇ ਦਰਿਆ ਜਪੁ ਜੀ ਸਾਹਿਬ ਗਾਉਂਦੇ ਹਨ। ਕਿਸਾਨ ਖੇਤਾਂ ਵਿਚ ਅੰਨ ਉਪਜਾਉਂਦਾ ਹੈ ਤੇ ਪੂਰੇ ਭਾਰਤਵਾਸੀਆਂ ਦਾ ਢਿੱਡ ਭਰਦਾ ਹੈ। ਲਗਨ, ਮਿਹਨਤ, ਸੰਕਟ ਵਿਚ ਵੀ ਭਰੋਸਾ, ਚੜ੍ਹਦੀ ਕਲਾ, ਸ਼ਸਤਰ ਤੇ ਸ਼ਾਸਤਰ, ਪੂਰੀ ਪ੍ਰਤੀਬੱਧਤਾ, ਕੌਮਾਂਤਰੀ ਪਰਿਪੇਖ ਪ੍ਰਤੀ ਜਾਗਰੂਕਤਾ ਆਦਿ ਪੰਜਾਬੀ ਸੱਭਿਆਚਾਰ ਦੇ ਹੀ ਅੰਗ ਹਨ। ਕਈ ਲੋਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਦਾ ਹਾਲੇ ਧੁੰਦਲਾ ਪੱਖ ਹੀ ਉਸਾਰਦੇ ਹਨ। ਸੋ, ਲੋੜ ਹੈ ਇਸ ਨੂੰ ਸਮਝਣ ਦੀ, ਇਸ ਪ੍ਰਤੀ ਚੇਤੰਨ ਹੋਣ ਦੀ, ਇਸ ਨੂੰ ਅਪਣਾਉਣ ਦੀ।

**(i)** **ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ?** 1

(ੳ) ਪੰਜਾਬੀ ਲੋਕ (ਅ) ਗਿੱਧਾ-ਭੰਗੜਾ

(ੲ) ਪੰਜਾਬੀ ਸਭਿਆਚਾਰ (ਸ) ਪੰਜਾਬ

**(ii)** **ਪੰਜ ਦਰਿਆਵਾਂ ਦਾ ਦੇਸ ਕਿਸ ਨੂੰ ਕਿਹਾ ਗਿਆ ਹੈ?** 1

(ੳ) ਹਰਿਆਣਾ (ਅ) ਪੰਜਾਬ

(ੲ) ਦਿੱਲੀ (ਸ) ਇਹਨਾਂ ਵਿਚੋਂ ਕੋਈ ਨਹੀਂ

**(iii)** **ਬਹਾਦਰੀ, ਅਣਖ ਤੇ ਆਪਾ ਵਾਰਨ ਦੀ ਸਮਰੱਥਾ, ਕਿਸ ਸੱਭਿਆਚਾਰ ਦਾ ਅਟੁੱਟ ਹਿੱਸਾ ਹੈ?** 1

(ੳ) ਪੰਜਾਬੀ (ਅ) ਪੰਜਾਬ

(ੲ) ਦੁਨੀਆਂ (ਸ) ਪੱਛਮੀ

(iv) **ਭਾਈ ਘਨ੍ਹਈਆ ਜੀ ਕਿਨ੍ਹਾਂ ਨੂੰ ਪਾਣੀ ਪਿਲਾਉਂਦੇ ਸਨ?** 1

(ੳ) ਦੁਸ਼ਮਣਾਂ ਨੂੰ (ਅ) ਆਪਣਿਆਂ ਨੂੰ

(ੲ) ਗੁਰੂਆਂ ਨੂੰ (ਸ) ਪਿੰਡ ਵਾਸੀਆਂ ਨੂੰ

(v) **ਉਪਰੋਕਤ ਪੈਰੇ ਵਿਚ ਕਿਹੜੇ ਕਵੀ ਦਾ ਨਾਂ ਆਇਆ ਹੈ?** 1

(ੳ) ਭਗਤ ਸਿੰਘ (ਅ) ਲਾਲਾ ਲਾਜਪਤ ਰਾਇ

(ੲ) ਪ੍ਰੋ. ਪੂਰਨ ਸਿੰਘ (ਸ) ਹੀਰ-ਰਾਂਝਾ

**ਜਾਂ**

ਜਿਹੜੇ ਇਨਸਾਨ ਜ਼ਿੰਦਗੀ ਦਾ ਖੇੜਾ, ਫੁੱਲਾਂ ਦੇ ਰੰਗਾਂ ਤੇ ਤਿੱਤਲੀਆਂ ਦੀ ਰਸਭਿੰਨੀ ਉਡਾਣ ਵਿਚੋਂ ਲੱਭਦੇ ਹਨ, ਉਹ ਜ਼ਿੰਦਗੀ ਦੇ ਹਰ ਮੁਹਾਜ਼ 'ਤੇ ਹੀ ਜ਼ਿੰਦਗੀ ਨੂੰ ਪ੍ਰਸੰਨ ਤੇ ਖੁਸ਼ ਰੱਖਣ ਦੀ ਆਦਤ ਬਣਾ ਲੈਂਦੇ ਹਨ। ਉਨ੍ਹਾਂ ਲਈ ਤਾਂ ਕੁਦਰਤ ਦੀ ਵਿਸ਼ਾਲਤਾ, ਰੁੱਖਾਂ, ਬੂਟਿਆਂ ਦੀ ਵੰਨ-ਸੁਵੰਨਤਾ ਤੋਂ ਵੱਗਦੇ ਪਾਣੀਆਂ ਦੀ ਮਿੱਠੀ ਤੇ ਰਸਭਿੰਨੀ ਆਵਾਜ਼ ਵੀ ਅੰਮ੍ਰਿਤ-ਰਸ, ਕੰਨਾਂ ਵਿਚ ਘੋਲ ਸਕਦੀ ਹੈ। ਇਹ ਤਾਂ ਬੱਚੇ ਦੀ ਅਭੋਲਤਾ ਤੇ ਸੁੰਦਰ ਮੁਸਕਾਨ ਵਿਚੋਂ ਵੀ ਰੱਬ ਲੱਭ ਲੈਂਦੇ ਹਨ। ਫਿਰ ਇਨ੍ਹਾਂ ਨੂੰ ਜ਼ਿੰਦਗੀ ਦਾ ਖੇੜਾ ਤੇ ਪ੍ਰਸੰਨਤਾ ਲੱਭਣੀ ਕਿਵੇਂ ਮੁਸ਼ਕਲ ਜਾਪ ਸਕਦੀ ਹੈ। ਖੇੜੇ ਵਿਚ ਮੁਹੱਬਤ ਦੀ ਕਲਾ ਵਰਤਦੀ ਹੈ। ਪਿਆਰ ਹੀ ਇਸ ਦੀ ਹੋਂਦ ਦਾ ਕਾਰਨ ਬਣਦਾ ਹੈ। ਫੁੱਲ, ਮੁਹੱਬਤ ਅੰਦਰ ਤੇ ਮੁਹੱਬਤ ਖਾਤਰ ਖਿੜਦਾ ਹੈ। ਉਹ ਕੀੜਿਆਂ ਰਾਹੀਂ, ਪਤੰਗਿਆਂ ਰਾਹੀਂ, ਭੌਰਿਆਂ ਰਾਹੀਂ, ਤਿੱਤਲੀਆਂ ਰਾਹੀਂ ਦੂਜੇ ਫੁੱਲ ਨੂੰ ਪਿਆਰ-ਸੰਦੇਸ਼ ਭੇਜਦਾ ਹੈ। ਇਸੇ ਤਰ੍ਹਾਂ ਆਤਮਾ ਵੀ ਮੁਹੱਬਤ ਵਿਚ ਹੀ ਖਿੜਦੀ ਹੈ। ਮਨੁੱਖ ਨਾਲ ਪਿਆਰ ਕਰੋ ਤਾਂ ਚਿੱਤ ਖਿੜਦਾ ਹੈ। ਰੱਬ ਨਾਲ ਪਿਆਰ ਕਰੋ ਤਾਂ ਆਤਮਾ ਵਿਗਸਦੀ ਹੈ। ਪਿਆਰ ਬਾਝੋਂ ਤਾਂ ਵਜੂਦ ਹੀ ਨਾ-ਮੁਮਕਿਨ ਹੈ। ਮਨੁੱਖਤਾ ਨੂੰ ਪਿਆਰ ਕਰਨਾ ਸਿਖੋ, ਜ਼ਿੰਦਗੀ ਦਾ ਸਾਰਾ ਬੋਝ ਕਿਧਰੇ ਅਲੋਪ ਹੋ ਜਾਵੇਗਾ। ਜ਼ਿੰਦਗੀ ਬੋਝਲ ਨਹੀਂ ਜਾਪੇਗੀ। ਤੁਹਾਡੇ ਚਿਹਰੇ ਤੋਂ ਹੀ ਇਸ ਨੂਰ ਦੀ ਝਲਕ ਵਿਖਾਈ ਦੇ ਜਾਵੇਗੀ।

(i) **ਕਿਹੜੇ ਮਨੁੱਖਾਂ ਨੂੰ ਜ਼ਿੰਦਗੀ ਵਿਚ ਖੇੜਾ ਜਾਂ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ?** 1

(ੳ) ਜਿਹੜੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਦੇ ਹਨ।

(ਅ) ਜਿਹੜੇ ਰਾਤ ਨੂੰ ਕਲੱਬਾਂ ਵਿਚ ਜਾ ਕੇ ਡਾਂਸ ਕਰਦੇ ਹਨ।

(ੲ) ਜਿਹੜੇ ਬਹੁਤ ਫ਼ਿਲਮਾਂ ਵੇਖਦੇ ਹਨ।

(ਸ) ਜਿਹੜੇ ਬਹੁਤ ਖਾਣ-ਪੀਣ ਦੇ ਸ਼ੌਕੀਨ ਹੁੰਦੇ ਹਨ।

(ii) **ਖੇੜੇ ਵਿਚ ਕਿਸ ਦੀ ਕਲਾ ਵਰਤਦੀ ਹੈ?** 1

(ੳ) ਵੈਰ-ਵਿਰੋਧ ਦੀ ਕਲਾ।

(ਅ) ਈਰਖਾ ਦੀ ਕਲਾ।

(ੲ) ਮੁਹੱਬਤ ਦੀ ਕਲਾ।

(ਸ) ਜੀਵਨ ਜੀਉਣ ਦੀ ਕਲਾ।

(iii) **ਰੱਬ ਨਾਲ ਪਿਆਰ ਕਰਨ ਨਾਲ ਕੀ ਹੁੰਦਾ ਹੈ?** 1

(ੳ) ਵਹਿਮ-ਭਰਮ ਵੱਧਦੇ ਹਨ।

(ਅ) ਜਿਉਣਾ ਮੁਸ਼ਕਲ ਹੁੰਦਾ ਹੈ।

(ੲ) ਆਤਮਾ ਵਿਗਸਦੀ ਹੈ।

(ਸ) ਇਹਨਾਂ ਵਿੱਚੋਂ ਕੋਈ ਨਹੀਂ।

(iv) **ਮਨੁੱਖਾਂ ਨਾਲ ਪਿਆਰ ਕਰਨ 'ਤੇ ਕੀ ਖਿੜਦਾ ਹੈ?** 1

(ੳ) ਦੁਨੀਆਂ ਖਿੜਦੀ ਹੈ। (ਅ) ਫੁੱਲ ਖਿੜਦੇ ਹਨ।

(ੲ) ਚਿੱਤ ਖਿੜਦਾ ਹੈ। (ਸ) ਕਿਆਰੀਆਂ ਖਿੜਦੀਆਂ ਹਨ।

(v) **ਜ਼ਿੰਦਗੀ ਦਾ ਸਾਰਾ ਬੋਝ ਕਿਵੇਂ ਅਲੋਪ ਹੋ ਸਕਦਾ ਹੈ?** 1

(ੳ) ਆਪਣਾ ਸੁਆਰਥ ਪੂਰਾ ਕਰਨ ਨਾਲ।

(ਅ) ਮਨੁੱਖਤਾ ਨਾਲ ਪਿਆਰ ਕਰਨਾ ਸਿੱਖਣ ਨਾਲ।

(ੲ) ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਨਾਲ।

(ਸ) ਦੂਸਰਿਆਂ ਨਾਲ ਨਫ਼ਰਤ ਕਰਨ ਨਾਲ।

**2.** ਹੇਠ ਦਿੱਤੇ ਵਾਰਤਕ ਪੈਰਿਆਂ ਨੂੰ ਪੜ੍ਹੋ ਅਤੇ **ਕਿਸੇ ਇੱਕ** ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ — **1x5=5**

'ਦੇਸ਼ ਕੌਮ ਦੀ ਸੇਵਾ ਕਰਨ ਵਾਲਾ ਇਕ ਉਹ ਵਿਅਕਤੀ ਜਿਹੜਾ ਆਪਣੀ ਧੁਨ ਵਿੱਚ ਕੰਮ ਕਰੀ ਜਾ ਰਿਹਾ ਹੈ, ਉਸ ਨੂੰ ਧੁੱਪ-ਛਾਂ, ਗਰਮੀ-ਸਰਦੀ, ਭੁੱਖ-ਤ੍ਰੇਹ ਦੀ ਪਰਵਾਹ ਨਹੀਂ, ਨਾ ਕਿਸੇ ਦੇ ਤਾਹਨਿਆਂ ਮਿਹਣਿਆਂ ਦੀ ਪਰਵਾਹ ਹੈ। ਕਈ ਵਾਰ ਤਾਂ ਉਹ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਦੀ ਪਰਵਾਹ ਨਹੀਂ ਕਰਦਾ, ਪਰ ਜੇ ਉਹ ਨਾ ਤਾਂ ਦੇਸ਼ ਸੇਵਾ ਅਤੇ ਸਮਾਜ ਸੇਵਾ ਕਰੇ, ਸਗੋਂ ਆਲਸ ਦੇ ਪਿੱਛੇ ਲਾਲਚ, ਗੱਦੀਆਂ, ਕੁਰਸੀਆਂ ਦਾ ਹੋਵੇ। ਕਿਧਰੇ ਕੋਈ ਮੈਂਬਰੀ, ਪ੍ਰਧਾਨਗੀ ਜਾਂ ਵਜਾਰਤ ਨੂੰ ਥਾਪਿਆ ਜਾਵੇ ਤਾਂ ਇਹ ਸੇਵਾ ਕੋਈ ਸੇਵਾ ਨਾ ਹੋਈ। ਐਸੇ ਸੇਵਕ ਉੱਤੋਂ ਸੌਖੇ ਪਛਾਣ ਵਿੱਚ ਆਉਣ ਲੱਗਦੇ ਹਨ, ਜਦ ਉਹ ਕਿਸੇ ਸਮਾਜਕ, ਧਾਰਮਕ ਸਟੇਜ ਉੱਤੇ ਜਾਂ ਰਾਜਨੀਤਕ ਮੰਚ ਉੱਤੇ ਆਪਣੇ ਗੁਣ ਦੱਸਣ ਦੀ ਥਾਂ ਦੂਜਿਆਂ ਉੱਤੇ ਚਿੱਕੜ ਸੁੱਟਦੇ ਹਨ। ਕਈ ਵਾਰ ਤਾਂ ਗੁੱਟਬਾਜੀ ਐਸਾ ਭਿਆਨਕ ਰੂਪ ਧਾਰਨ ਕਰ ਜਾਂਦੀ ਹੈ ਕਿ ਗੁੱਟਾਂ ਵਿਚਕਾਰ ਹੱਥੋਂ-ਪਾਈ, ਘਸੁੰਨ-ਮੁੱਕੀ, ਡਾਂਗੋ-ਡਾਂਗੀ ਹੋਣ ਤੱਕ ਹੀ ਨੌਬਤ ਆ ਜਾਂਦੀ ਹੈ। ਐਸੇ ਮਨੁੱਖ ਆਪਣੇ ਆਪ ਨੂੰ ਅਖਵਾਉਂਦੇ ਤਾਂ ਸੇਵਕ ਹਨ, ਪਰ ਸੇਵਾ ਉਨ੍ਹਾਂ ਦੇ ਕਿਰਦਾਰ ਵਿੱਚ ਹੁੰਦੀ ਹੀ ਨਹੀਂ।'

(i) **ਕਿਸ ਨੂੰ ਧੁੱਪ, ਛਾਂ, ਗਰਮੀ, ਭੁੱਖ ਆਦਿ ਦੀ ਪਰਵਾਹ ਨਹੀਂ ਹੁੰਦੀ?** 1

(ੳ) ਜਿਹੜਾ ਸਮਾਜ ਦਾ ਨਾ ਹੋਵੇ।

(ਅ) ਜਿਹੜਾ ਦੇਸ ਨਾਲ ਗੱਦਾਰੀ ਕਰੇ।

(ੲ) ਜਿਹੜਾ ਦੇਸ ਦਾ ਨਾ ਹੋਵੇ।

(ਸ) ਜਿਹੜਾ ਦੇਸ ਦੀ ਸੇਵਾ ਕਰੇ।

(ii) **ਕਿਹੜੀ ਸੇਵਾ, ਸੇਵਾ ਨਹੀਂ ਅਖਵਾਉਂਦੀ?** 1

(ੳ) ਜੋ ਸੁਆਰਥ ਅਧੀਨ ਨਾ ਕੀਤੀ ਜਾਵੇ।

(ਅ) ਜਿਹੜੀ ਮਤਲਬ ਲਈ ਨਾ ਕੀਤੀ ਜਾਵੇ।

(ੲ) ਜੋ ਲਾਲਚ-ਵੱਸ ਕੀਤੀ ਜਾਵੇ।

(ਸ) ਜੋ ਰੋਟੀ-ਰੋਜ਼ੀ ਲਈ ਕੀਤੀ ਜਾਵੇ।

(iii) **ਜਿਹੜਾ ਬੰਦਾ ਆਪਣੇ ਪਰਿਵਾਰ ਦੀ ਪ੍ਰਵਾਹ ਨਹੀਂ ਕਰਦਾ ਉਸ ਨੂੰ ਕੀ ਕਹਿੰਦੇ ਹਨ?** 1

(ੳ) ਦੇਸ਼-ਧ੍ਰੋਹੀ (ਅ) ਦੇਸ਼-ਪ੍ਰੇਮੀ

(ੲ) ਗੱਦਾਰ (ਸ) ਲਾਲਚੀ

(iv) **ਨੇਤਾਵਾਂ ਨੂੰ ਕਾਹਦਾ ਲਾਲਚ ਹੁੰਦਾ ਹੈ?** 1

(ੳ) ਗੱਦੀਆਂ, ਕੁਰਸੀਆਂ ਦਾ (ਅ) ਦੇਸ਼ ਪਿਆਰ ਦਾ

(ੲ) ਲੋਕਾਂ ਦੀ ਸੇਵਾ ਕਰਨ ਦਾ (ਸ) ਸਮਾਜ ਦੇ ਪਿਆਰ ਦਾ

(v) **ਕਿਹੜੀ ਚੀਜ਼ ਭਿਆਨਕ ਰੂਪ ਧਾਰ ਲੈਂਦੀ ਹੈ?** 1

(ੳ) ਚਿੱਕੜ ਸੁੱਟਣ ਦੀ ਆਦਤ (ਅ) ਗੁੱਟਬਾਜ਼ੀ

(ੲ) ਰਾਜਨੀਤੀ (ਸ) ਦੋਗਲਾਪਨ

**ਜਾਂ**

ਆਮ ਖਿਆਲ ਹੈ ਕਿ ਵਰਜਿਸ ਪਹਿਲਵਾਨਾਂ ਜਾਂ ਖਿਡਾਰੀਆਂ ਲਈ ਹੀ ਜ਼ਰੂਰੀ ਹੁੰਦੀ ਹੈ। ਜਨ-ਸਾਧਾਰਨ ਤੇ ਖਾਸ ਕਰ ਇਸਤਰੀਆਂ ਲਈ, ਜਿਨ੍ਹਾਂ ਨਾ ਪਹਿਲਵਾਨ ਬਣਨਾ ਹੈ ਤੇ ਨਾ ਕਿਸੇ ਖੇਡ ਵਿਚ ਨਾਮਣਾ ਪੈਦਾ ਕਰਨਾ ਹੁੰਦਾ ਹੈ, ਵਰਜਿਸ਼ ਦੀ ਕੋਈ ਲੋੜ ਨਹੀਂ। ਸਕੂਲਾਂ, ਕਾਲਜਾਂ ਵਿਚ ਵੀ ਖੇਡਾਂ ਤੇ ਵਰਜਿਸ਼ ਨੂੰ ਵਿਦਿਆਰਥੀਆਂ ਦੀ ਵਿਦਿਆ ਦਾ ਭਾਗ ਨਹੀਂ ਗਿਣਿਆ ਜਾਂਦਾ। ਮਾਪੇ ਵੀ ਸੋਚਦੇ ਹਨ ਕਿ ਉਹ ਬੱਚਿਆਂ ਨੂੰ ਸਕੂਲਾਂ, ਕਾਲਜਾਂ ਵਿੱਚ ਪੜ੍ਹਨ ਲਈ ਭੇਜਦੇ ਹਨ ਨਾ ਕਿ ਖੇਡਾਂ ਅਤੇ ਵਰਜਿਸ਼ ਉਤੇ ਵਕਤ ਬਰਬਾਦ ਕਰਨ ਲਈ। ਵਰਜਿਸ਼ ਬਾਰੇ ਇਕ ਹੋਰ ਵੀ ਗਲਤ ਖਿਆਲ ਪ੍ਰਚਲਤ ਹੈ ਕਿ ਇਹ ਸਿਰਫ਼ ਸਰੀਰ ਨੂੰ ਸੁਡੌਲ ਤੇ ਤਾਕਤਵਰ ਬਣਾਨ ਲਈ ਹੀ ਜ਼ਰੂਰੀ ਹੈ ਪਰ ਸੱਚ ਤਾਂ ਇਹ ਹੈ ਕਿ ਵਰਜਿਸ਼ ਦਾ ਸੰਬੰਧ ਇੰਨਾਂ ਤਾਕਤ ਤੇ ਸੁਡੌਲਤਾ ਨਾਲ ਨਹੀਂ ਜਿੰਨਾਂ ਸਿਹਤ ਨਾਲ ਹੈ। ਸਿਹਤ ਲਈ ਜਿੰਨੀ ਜ਼ਰੂਰੀ ਖੁਰਾਕ ਹੈ, ਉਨੀ ਹੀ ਜ਼ਰੂਰੀ ਵਰਜਿਸ਼ ਹੈ। ਬੀਮਾਰੀਆਂ ਤੋਂ ਬਚਣ ਲਈ ਤੇ ਸਰੀਰ ਨੂੰ ਅਰੋਗ ਰੱਖਣ ਲਈ ਵਰਜਿਸ਼ ਦਵਾਈਆਂ ਨਾਲੋਂ ਵੀ ਵਧੇਰੇ ਲਾਭਦਾਇਕ ਹੋ ਸਕਦੀ ਹੈ। ਅਰੋਗ ਸਰੀਰ ਵਿਚ ਹੀ ਅਰੋਗ ਮਨ ਦਾ ਨਿਵਾਸ ਹੁੰਦਾ ਹੈ। ਅਰੋਗ ਤਨ ਤੇ ਅਰੋਗ ਮਨ ਹੀ ਮਨੁੱਖੀ ਜੀਵਨ ਵਿੱਚ ਖੇੜਾ ਲਿਆ ਸਕਦੇ ਹਨ।

(i) **ਵਰਜਿਸ਼ ਦੀ ਲੋੜ ਕਿੰਨ੍ਹਾਂ ਨੂੰ ਜ਼ਿਆਦਾ ਹੁੰਦੀ ਹੈ?** 1

(ੳ) ਬੱਚਿਆਂ ਨੂੰ (ਅ) ਇਸਤਰੀਆਂ ਨੂੰ

| | | |
|---|---|---|
| | (ਝ) ਖਿਡਾਰੀਆਂ ਨੂੰ (ਸ) ਤਾਕਤਵਰ ਨੂੰ | |
| **(ii)** | **ਕਾਲਜਾਂ-ਸਕੂਲਾਂ ਵਿੱਚ ਕਿਸ ਚੀਜ਼ ਨੂੰ ਵਿਦਿਆ ਦਾ ਭਾਗ ਨਹੀਂ ਗਿਣਿਆ ਜਾਂਦਾ?** | 1 |
| | (ੳ) ਪੁਸਤਕਾਂ (ਅ) ਜਮਾਤਾਂ | |
| | (ੲ) ਅਧਿਆਪਕਾਂ (ਸ) ਖੇਡਾਂ | |
| **(iii)** | **ਮਾਂ-ਬਾਪ ਕਿਸ ਚੀਜ਼ ਨੂੰ ਵਕਤ ਦੀ ਬਰਬਾਦੀ ਸਮਝਦੇ ਹਨ? ਪੈਰੇ ਦੇ ਆਧਾਰ ਤੇ ਦੱਸੋ।** | 1 |
| | (ੳ) ਫੈਸ਼ਨ (ਅ) ਆਣ-ਜਾਣ ਵਿੱਚ | |
| | (ੲ) ਮਿੱਤਰਾਂ ਨੂੰ (ਸ) ਵਰਜਿਸ਼ | |
| **(iv)** | **ਅਰੋਗ ਸਰੀਰ ਵਿੱਚ ਕਿਹੋ ਜਿਹਾ ਮਨ ਵੱਸਦਾ ਹੈ?** | 1 |
| | (ੳ) ਉਦਾਸ (ਅ) ਤੰਦਰੁਸਤ | |
| | (ੲ) ਬੇਚੈਨ (ਸ) ਅਰੋਗ | |
| **(v)** | ਪੈਰੇ ਦਾ ਸਿਰਲੇਖ ਹੈ— | 1 |
| | (ੳ) ਪਹਿਲਵਾਨ (ਅ) ਵਰਜਿਸ | |
| | (ੲ) ਸਿਹਤ (ਸ) ਇਹਨਾਂ ਵਿੱਚੋਂ ਕੋਈ ਨਹੀਂ | |
| | **ਵਿਆਕਰਨ** | **20 ਅੰਕ** |
| **3.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਉੱਤਰ ਦਿਓ— | 1x5=5 |
| **(i)** | **ਸਹੀ ਵਿਕਲਪ ਚੁਣੋ—** | 1 |
| | (ੳ) ਜੰਜ (ਅ) ਜੰਞ | |
| | (ੲ) ਜੰਵ (ਸ) ਇਹਨਾਂ ਵਿਚੋਂ ਕੋਈ ਨਹੀਂ | |
| **(ii)** | **ਸਹੀ ਵਿਕਲਪ** ਦੀ ਚੋਣ ਕਰੋ— | 1 |
| | (ੳ) ਗੜ੍ਹਵਾ (ਅ) ਗਰਵਾ | |
| | (ੲ) ਗੜਬਾ (ਸ) ਗਰਬਾ | |
| **(iii)** | **ਤੁਹਾਡੀ............ਕਿਵੇਂ ਹੈ?** ਵਾਕ ਵਿੱਚ ਖਾਲੀ ਥਾਂ ਲਈ ਸਹੀ ਵਿਕਲਪ ਚੁਣੋ— | 1 |
| | (ੳ) ਸੇਹਤ (ਅ) ਸਿਹਤ | |
| | (ੲ) ਸੈਹਤ (ਸ) ਇਹਨਾਂ ਵਿਚੋਂ ਕੋਈ ਨਹੀਂ। | |
| **(iv)** | **ਮੈਂ ਕਦੇ............................ਨਹੀਂ ਬੋਲਦਾ।** | 1 |
| | (ੳ) ਜੂਠ (ਅ) ਝੂਟ | |
| | (ੲ) ਝੂਠ (ਸ) ਝੂਅਠ | |
| **(v)** | **ਮੇਰੀ..................ਖਤਮ ਹੋ ਗਈ ਹੈ। ਮੈਂ ਕੀ ਕਰਾਂ?** | 1 |
| | (ੳ) ਪੂੰਜੀ (ਅ) ਪੂੰਝੀ | |
| | (ੲ) ਪੁੰਜੀ (ਸ) ਪੂਜੰੀ | |

| | | |
|---|---|---|
| **(vi)** | **ਬੱਚੇ..............................ਵਿੱਚ ਬੈਠ ਕੇ ਸੈਰ ਕਰ ਰਹੇ ਹਨ।**<br>(ੳ) ਬੱਗੀ (ਅ) ਬੱਘੀ<br>(ੲ) ਬਗੀ (ਸ) ਭੱਘੀ | 1 |
| **4.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| **(i)** | **ਵਿਸਰਾਮ ਚਿੰਨ੍ਹ ਵਾਕਾਂ ਵਿੱਚ ਕਿਉਂ ਵਰਤੇ ਜਾਂਦੇ ਹਨ?**<br>(ੳ) ਵਾਕਾਂ ਨੂੰ ਛੋਟਾ ਕਰਨ ਲਈ। (ਅ) ਵਾਕ ਨੂੰ ਠਹਿਰਾਓ ਦੇਣ ਲਈ।<br>(ੲ) ਵਾਕਾਂ ਨੂੰ ਸ਼ੁੱਧ ਕਰਨ ਲਈ। (ਸ) ਵਾਕ ਵਿਚਲੀ ਗੱਲ ਨੂੰ ਸਮਝਾਉਣ ਲਈ। | 1 |
| **(ii)** | **ਜਿੰਨ੍ਹਾਂ ਵਾਕਾਂ ਵਿੱਚ ਖੁਸ਼ੀ, ਗਮੀ, ਹੈਰਾਨੀ ਆਦਿ ਦੇ ਭਾਵ ਪ੍ਰਗਟ ਹੋਣ, ਉਥੇ ਕਿਹੜਾ ਵਿਸਰਾਮ ਚਿੰਨ੍ਹ ਵਰਤਿਆ ਜਾਂਦਾ ਹੈ—**<br>(ੳ) ਕਾਮਾ (ਅ) ਡੈਸ਼<br>(ੲ) ਵਿਸਮਿਕ (ਸ) ਜੋੜਨੀ | 1 |
| **(iii)** | **ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਰਤੋਂ ਵਾਲੇ ਵਿਸਰਾਮ ਚਿੰਨ੍ਹ ਵਾਲਾ ਵਿਕਲਪ ਚੁਣੋ—**<br>(ੳ) ਅਧਿਆਪਕ ਨੇ ਕਿਹਾ ਬੱਚਿਓ ਅੱਜ, ਅਸੀਂ ਪਿਕਨਿਕ ਲਈ ਜਾਵਾਂਗੇ।<br>(ਅ) ਅਧਿਆਪਕ ਨੇ ਕਿਹਾ ! ਬੱਚਿਓ ਅੱਜ ਅਸੀਂ ਪਿਕਨਿਕ ਲਈ ਜਾਵਾਂਗੇ।<br>(ੲ) ਅਧਿਆਪਕ ਨੇ ਕਿਹਾ, "ਬੱਚਿਓ, ਅੱਜ ਅਸੀਂ ਪਿਕਨਿਕ ਲਈ ਜਾਵਾਂਗੇ।"<br>(ਸ) ਅਧਿਆਪਕ ਨੇ ਕਿਹਾ, "ਬੱਚਿਓ! ਅੱਜ ਅਸੀਂ ਪਿਕਨਿਕ ਲਈ ਜਾਵਾਂਗੇ।" | 1 |
| **(iv)** | **ਵਿਸਰਾਮ ਚਿੰਨ੍ਹ ਭਾਸ਼ਾ ਵਿੱਚ ਕੀ ਲਿਆਉਂਦੇ ਹਨ?**<br>(ੳ) ਅਸਪਸ਼ੱਟਤਾ (ਅ) ਹਲਕਾ ਪਨ<br>(ੲ) ਗੁੰਝਲ (ਸ) ਸਪੱਸ਼ਟਤਾ | 1 |
| **(v)** | **ਹੇਠ ਦਿੱਤੇ ਚਿੰਨ੍ਹਾਂ ਵਿੱਚੋਂ ਦੁਬਿੰਦੀ ਡੈਸ਼ ਚਿੰਨ੍ਹ ਚੁਣੋ—**<br>(ੳ) ; (ਅ) -:<br>(ੲ) :- (ਸ) ! | 1 |
| **(vi)** | **ਇਸ ਚਿੰਨ੍ਹ ' ਦਾ ਕੀ ਨਾਂ ਹੈ?**<br>(ੳ) ਕਾਮਾ (ਅ) ਛੁੱਟ ਮਰੋੜੀ<br>(ੲ) ਪੁੱਠੇ ਕਾਮੇ (ਸ) ਇਹਨਾਂ ਵਿਚੋਂ ਕੋਈ ਨਹੀਂ | 1 |
| **5.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| **(i)** | **ਸ਼ੁੱਧ ਵਾਕ ਚੁਣੋ—**<br>(ੳ) ਮੈਂ ਉੱਠਦਾ ਹਾਂ ਰੋਜ਼ ਦੇਰ ਨਾਲ। (ਅ) ਸਦਾ ਬੋਲੋ ਸੱਚ। | 1 |

| | | |
|---|---|---|
| | (ੲ) ਬੰਦਾ ਉਮੀਦ ਦੇ ਸਹਾਰੇ ਜਿਉਂਦਾ ਹੈ। (ਸ) ਵਿਆਹ ਦਾ ਸੱਦਾ ਆਇਆ ਹੈ ਮੈਨੂੰ। | |
| **(ii)** | **ਅਸ਼ੁੱਧ ਵਾਕ ਚੁਣੋ—** | 1 |
| | (ੳ) ਕਮਰਾ ਚੰਗੀ ਤਰ੍ਹਾਂ ਸਾਫ਼ ਕਰੋ। (ਅ) ਬੱਚਾ ਸਕੂਲ ਜਾ ਰਿਹਾ ਹੈ। | |
| | (ੲ) ਗਾਂ ਦੇਂਦੀ ਹੈ ਦੁੱਧ ਮਿੱਠਾ। (ਸ) ਮੈਂ ਸਦਾ ਸੱਚ ਬੋਲਦਾ ਹਾਂ। | |
| **(iii)** | **ਅਸ਼ੁੱਧ ਵਾਕ ਚੁਣੋ—** | 1 |
| | (ੳ) ਜੰਗ ਹਮੇਸ਼ਾ ਹੀ ਮਾੜੀ ਹੁੰਦੀ ਹੈ। (ਅ) ਤੁਸੀਂ ਕਦੋਂ ਆ ਰਹੇ ਹੋ? | |
| | (ੲ) ਦਰਵਾਜ਼ਾ ਕਰੋ ਬੰਦ ਜਲਦੀ। (ਸ) ਉਸ ਨੇ ਬਹੁਤ ਗੀਤ ਲਿਖੇ ਨੇ। | |
| **(iv)** | **ਵਾਕ ਵਿਚਲੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਕਿਹੜੀ ਜਾਣਕਾਰੀ ਹੋਣੀ ਚਾਹੀਦੀ ਹੈ?** | 1 |
| | (ੳ) ਸ਼ੁੱਧ ਸ਼ਬਦਾਂ ਦੀ (ਅ) ਸਾਰਥਕ ਸ਼ਬਦਾਂ ਦੀ | |
| | (ੲ) ਨਿਰਾਰਥਕ ਸ਼ਬਦਾਂ ਦੀ (ਸ) ਵਾਕ ਸ਼ੁੱਧੀ ਦੇ ਨੇਮਾਂ ਦੀ | |
| **(v)** | **ਲੋਕਾਂ ਨੂੰ ਬਹਿਮਾਂ-ਭਰਮਾਂ ਵਿੱਚ ਨਹੀਂ ਪੈਨਾ ਚਾਹੀਦਾ। ਵਾਕ ਦੀ ਤਰੁੱਟੀ ਦਾ ਕਾਰਨ ਹੈ?** | 1 |
| | (ੳ) ਮੇਲ ਦੀਆਂ (ਅ) ਅਧਿਕਾਰ ਦੀਆਂ | |
| | (ੲ) ਸ਼ਬਦ ਜੋੜਾਂ ਦੀਆਂ (ਸ) ਤਰਤੀਬ ਦੀਆਂ | |
| **(vi)** | **ਮੈਂ ਸ਼ਹਿਰਾਂ ਵਿੱਚ ਰਹਿੰਦਾ ਹਾਂ। ਵਾਕ ਦੀ ਤਰੁੱਟੀ ਦਾ ਕਾਰਨ ਦੱਸੋ?** | 1 |
| | (ੳ) ਅਧਿਕਾਰ ਦੀਆਂ (ਅ) ਮੇਲ ਦੀਆਂ | |
| | (ੲ) ਤਰਤੀਬ ਦੀਆਂ (ਸ) ਸ਼ਬਦ ਜੋੜਾਂ ਦੀਆਂ | |
| **6.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| **(i)** | **ਮੁਹਾਵਰਾ ਕੀ ਹੁੰਦਾ ਹੈ? ਸਹੀ ਵਿਕਲਪ ਚੁਣੋ—** | 1 |
| | (ੳ) ਵਾਕ (ਅ) ਸ਼ਬਦ ਸਮੂਹ | |
| | (ੲ) ਕਿਰਿਆ (ਸ) ਸ਼ਬਦ | |
| **(ii)** | **ਮੁਹਾਵਰੇ ਦੇ ਕਿਹੜੇ ਅਰਥ ਲਏ ਜਾਂਦੇ ਹਨ—** | 1 |
| | (ੳ) ਸ਼ਾਬਦਿਕ ਅਰਥ (ਅ) ਆਮ ਅਰਥ | |
| | (ੲ) ਭਾਵਾਰਥ (ਸ) ਪ੍ਰਭਾਵ | |
| **(iii)** | **'ਠੰਢੀਆਂ ਛਾਵਾਂ ਮਾਣਨਾ' ਮੁਹਾਵਰੇ ਦੇ ਸਹੀ ਅਰਥ ਹਨ—** | 1 |
| | (ੳ) ਠੰਢ ਲੱਗਣੀ (ਅ) ਠੰਢੀ ਹਵਾ ਮਿਲਣੀ | |
| | (ੲ) ਸੁੱਖ ਲੈਣਾ (ਸ) ਠੰਢੀ ਛਾਂ ਵਿੱਚ ਬਹਿਣਾ | |
| **(iv)** | **'ਦਸਾਂ...........ਦੀ ਕਿਰਤ ਕਰਨਾ' ਮੁਹਾਵਰਾ ਪੂਰਾ ਕਰੋ—** | 1 |
| | (ੳ) ਪੈਰਾਂ (ਅ ਉਂਗਲਾਂ | |
| | (ੲ) ਨਹੁੰਆਂ (ਸ) ਬੰਦਿਆਂ | |

| | | |
|---|---|---|
| (v) | **'ਬਹੁਤ ਭੁੱਖ ਲੱਗਣੀ'** ਅਰਥ ਨੂੰ ਸਪਸ਼ੱਟ ਕਰਦਾ ਮੁਹਾਵਰਾ ਚੁਣੋ—<br>(ੳ) ਢਿੱਡ ਵਿੱਚ ਕੀੜੇ ਟੱਪਣੇ (ਅ) ਢਿੱਡ ਵਿੱਚ ਚੂਹੇ ਨੱਚਣੇ<br>(ੲ) ਢਿੱਡ ਵਿੱਚ ਵੱਟ ਪੈਣੇ (ਸ) ਇਹਨਾਂ ਵਿੱਚੋਂ ਕੋਈ ਨਹੀਂ | 1 |
| (vi) | ...............**ਵਿੱਚ ਦਮ ਕਰਨਾ।** ਮੁਹਾਵਰਾ ਪੂਰਾ ਕਰੋ—<br>(ੳ) ਕੰਨ (ਅ) ਘਰ<br>(ੲ) ਨੱਕ (ਸ) ਹੱਥ | 1 |
| | **ਪਾਠ ਪੁਸਤਕਾਂ ਤੇ ਅਧਾਰਿਤ** | **10 ਅੰਕ** |
| **7.** | ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ— | **1x3=3** |
| (i) | **'ਕੰਬਦੀ ਕਲਾਈ'** ਕਵਿਤਾ ਦਾ ਕਵੀ ਕੌਣ ਹੈ?<br>(ੳ) ਪ੍ਰੋ. ਮੋਹਨ ਸਿੰਘ (ਅ) ਧਨੀ ਰਾਮ ਚਾਤ੍ਰਿਕ<br>(ੲ) ਭਾਈ ਵੀਰ ਸਿੰਘ (ਸ) ਸੁਰਜੀਤ ਪਾਤਰ | 1 |
| (ii) | **'ਧਨੀ ਰਾਮ ਚਾਤ੍ਰਿਕ'** ਦੀ ਕਿਹੜੀ ਰਚਨਾ ਤੁਹਾਡੀ ਪਾਠ ਪੁਸਤਕ ਵਿੱਚ ਸ਼ਾਮਲ ਹੈ?<br>(ੳ) ਵਿਸਾਖੀ ਦਾ ਮੇਲਾ (ਅ) ਜਰਗ ਦਾ ਮੇਲਾ<br>(ੲ) ਛਪਾਰ ਦਾ ਮੇਲਾ (ਸ) ਇਹਨਾਂ ਵਿਚੋਂ ਕੋਈ ਨਹੀਂ | 1 |
| (iii) | **ਤਾਜ ਮਹਲ ਕਿਹੜੀ ਨਦੀ ਦੇ ਕਿਨਾਰੇ ਸਥਿਤ ਹੈ?**<br>(ੳ) ਗੰਗਾ (ਅ) ਗੋਦਾਵਰੀ<br>(ੲ) ਜਮਨਾ (ਸ) ਸਰਸਵਤੀ | 1 |
| **8.** | ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ— | **1x4=4** |
| (i) | **'ਸਤਿੰਦਰ ਨਾਥ'** ਕਿਹੜੀ ਕਹਾਣੀ ਦਾ ਮੁੱਖ ਪਾਤਰ ਹੈ?<br>(ੳ) ਰੋਲ ਨੰਬਰ (ਅ) ਆਪਣਾ-ਆਪਣਾ ਹਿੱਸਾ<br>(ੲ) ਤਿੰਨ ਦਿਨ ਦਾ ਬੇਈਮਾਨ (ਸ) ਮਾਂ ਦਾ ਲਾਡਲਾ | 1 |
| (ii) | **'ਤੀਜੀ ਗੱਲ'** ਕਹਾਣੀ ਦੇ ਮੁੱਖ ਪਾਤਰ ਦੀਨਾ ਨਾਥ ਕਿਹੜੇ ਮਹਿਕਮੇ ਤੋਂ ਰਿਟਾਇਰ ਹੋਏ ਸਨ?<br>(ੳ) ਪੁਲਿਸ (ਅ) ਸਿੱਖਿਆ<br>(ੲ) ਡਾਕਟਰੀ (ਸ) ਫੌਜ਼ | 1 |
| (iii) | **ਬੱਚਾ ਪਲਟਨ ਵਿੱਚ ਕਿਸ ਨੂੰ ਭੇਜਿਆ ਗਿਆ ਸੀ?**<br>(ੳ) ਜੀਵਨ (ਅ) ਬਿਸ਼ਨਾ | 1 |

| | | |
|---|---|---|
| | (ੲ) ਜੀਤਾ (ਸ) ਸਤੀਸ਼ | |
| **(iv)** | **'ਆਪਣਾ-ਆਪਣਾ ਹਿੱਸਾ'** ਕਹਾਣੀ ਵਿੱਚ ਕਿਸ ਹਿੱਸੇ ਦੀ ਗੱਲ ਕੀਤੀ ਗਈ ਹੈ ? | 1 |
| | (ੳ) ਜਾਇਦਾਦ ਦੀ (ਅ) ਫਸਲ ਦੀ | |
| | (ੲ) ਮਾਂ ਦੇ ਮਰਨ ਦੇ ਖਰਚ ਦੀ (ਸ) ਪਿਉ ਦੇ ਮਰਨ ਦੇ ਖਰਚ ਦੀ | |
| **9.** | ਹਦਾਇਤ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਚੁਣੋ— | **1x3=3** |
| **(i)** | **ਘੋਗੇ ਨੂੰ ਚਾਂਦੀ ਦਾ ਪੈੱਨ ਕੌਣ ਦਿੰਦਾ ਹੈ ?** | 1 |
| | (ੳ) ਮਾਂ (ਅ) ਵਿਗਿਆਨ ਅਧਿਆਪਕ | |
| | (ੲ) ਚੰਦਰਪਰੀ (ਸ) ਇਕਬਾਲ | |
| **(ii)** | **'ਸੋਨ-ਕਾਟੋ'** ਕਿਹੜਾ ਜਾਨਵਰ ਹੈ ? | 1 |
| | (ੳ) ਛਿਪਕਲੀ (ਅ) ਚਿੜੀ | |
| | (ੲ) ਕੱਛੂਕੁੰਮਾ (ਸ) ਗਿਲਹਿਰੀ | |
| **(iii)** | **ਘੋਗਾ ਸਕੂਲ ਕਿਉਂ ਨਹੀਂ ਜਾਣਾ ਚਾਹੁੰਦਾ ?** | 1 |
| | (ੳ) ਫੀਸ ਨਾ ਭਰੀ ਹੋਣ ਕਰਕੇ (ਅ) ਸਕੂਲ ਦੀ ਵਰਦੀ ਸਾਫ਼ ਨਾ ਹੋਣ ਕਰਕੇ | |
| | (ੲ) ਸਕੂਲ ਦਾ ਕੰਮ ਪੂਰਾ ਨਾ ਹੋਣ ਕਰਕੇ (ਸ) ਨੀਂਦ ਪੂਰੀ ਨਾ ਹੋਣ ਕਰਕੇ | |
| | **ਭਾਗ ਅ** | |
| | **ਵਰਣਾਨਤਮਕ ਪ੍ਰਸ਼ਨ** | 22+8=30 |
| | **ਪਾਠ ਪੁਸਤਕਾਂ ਤੇ ਅਧਾਰਿਤ** | |
| **10.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕੋਈ ਚਾਰ** ਪ੍ਰਸ਼ਨਾਂ ਦੇ ਉੱਤਰ 20-25 **ਸ਼ਬਦਾਂ** ਵਿੱਚ ਲਿਖੋ— | **2x4=8** |
| | (ੳ) 'ਤੀਜੀ ਗੱਲ' ਕਹਾਣੀ ਵਿੱਚ ਕਿਹੜੀਆਂ ਤਿੰਨ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ ? | |
| | (ਅ) 'ਵਹਿੰਗੀ' ਕਹਾਣੀ ਦਾ ਉਦੇਸ਼ ਕੀ ਹੈ ? | |
| | (ੲ) ਬਚਨੋ ਦੇ ਪਰਿਵਾਰ ਬਾਰੇ ਜਾਣਕਾਰੀ ਦਿਓ ? | |
| | (ਸ) 'ਤਿੰਨ ਦਿਨ ਦਾ ਬੇਈਮਾਨ' ਕਹਾਣੀ ਕਿਸ ਮੁੱਖ ਸਮੱਸਿਆ ਨਾਲ ਸੰਬੰਧਤ ਹੈ ? | |
| | (ਹ) 'ਮੱਝ ਚੋਣ ਲੱਗੇ ਘੁੱਦੂ ਨੂੰ ਬਚਨੋਂ ਨੇ ਕਿਹੜੀ ਗੱਲ ਦੱਸੀ ? | |
| | (ਕ) ਦੀਨਾਨਾਥ ਕਿਸ ਅਹੁਦੇ ਤੋਂ ਸੇਵਾ ਮੁਕਤ ਹੋਏ ? ਉਸਦਾ ਕਿਸ ਵਿਭਾਗ ਨਾਲ ਝਗੜਾ ਸੀ ? | |
| **11.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਤਿੰਨ** ਪ੍ਰਸ਼ਨਾਂ ਦੇ ਉੱਤਰ 40-50 **ਸ਼ਬਦਾਂ** ਵਿੱਚ ਲਿਖੋ— | **3x3=9** |
| | (ੳ) ਗੁਆਚਿਆ ਮੁੰਡਾ ਨਾਵਲ ਦੇ ਵਿਸ਼ੇ ਬਾਰੇ ਜਾਣਕਾਰੀ ਦਿਓ। | |

(ਅ) ਘੋਗਾ ਕਿਹੋ ਜਿਹਾ ਪਾਤਰ ਹੈ?

(ੲ) ਇਕਬਾਲ ਕੌਣ ਹੈ ਤੇ ਉਸ ਦਾ ਗੁਆਚਿਆ ਮੁੰਡਾ ਨਾਵਲ ਵਿੱਚ ਕੀ ਰੋਲ ਹੈ?

(ਸ) ਵਿਗਿਆਨੀ ਬਾਬਾ ਜੀ ਨੇ ਘੋਗੇ ਦੀ ਸੋਚ ਨੂੰ ਕਿਵੇਂ ਬਦਲਿਆ?

**12.** **ਕਿਸੇ ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— 1x5=5

ਦੁੱਧ-ਚਿੱਟੀਆਂ ਰੰਗਦਾਰ ਮਰਮਰਾ,
ਦੇ ਗਲ ਘੱਤ ਕੇ ਬਾਹੀਂ,
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ,
ਸੁੱਤੀਆਂ ਬੇਪਰਵਾਹੀਂ।
ਬਿਰਛਾਂ ਬੂਟਿਆਂ ਦੇ ਪਰਛਾਵੇਂ
ਨਸ਼ਿਆਂ ਨਾਲ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉਤੇ,
ਸਵਾਦ ਸਵਾਦ ਹੋ ਊਂਘੇ।

**ਜਾਂ**

ਚਤਰਮੁਖ ਬ੍ਰਹਮਾ ਨੇ ਦੁਨੀਆਂ ਬਣਾਈ
ਉਹਨੇ ਦੁਖ ਬਣਾਏ ਸਹਿਸਭੁਜ
ਉਹਨਾਂ ਸੰਗ ਲੜਣ ਲਈ
ਇਕ ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਇੱਕ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਉਹ ਦੁੱਖਾਂ ਸੰਗ ਲੜਦੀ ਨਹੀਂ
ਦੁਖ ਚੁੱਕਦੀ ਹੈ,
ਧਰਤੀ ਦੇ ਹੇਠਾਂ ਕਦੇ ਧੌਲ ਸੀ
ਕਦੇ ਧਰਮ ਸੀ ਹੁਣ ਮੇਰੀ ਧੀ ਹੈ।

**13.** ਗੁਰਮਤਿ ਕਾਵਿ ਅਤੇ ਉਸ ਦੇ ਕਵੀਆਂ ਬਾਰੇ 150 ਤੋਂ 200 **ਸ਼ਬਦਾਂ** ਵਿੱਚ ਲਿਖੋ। 1x8=8

**ਜਾਂ**

| | | |
|---|---|---|
| | ਸੂਫੀ ਕਾਵਿ ਦੇ ਨਿਕਾਸ ਤੇ ਵਿਕਾਸ ਬਾਰੇ **150 ਤੋਂ 200 ਸ਼ਬਦਾਂ** ਵਿੱਚ ਜਾਣ ਪਛਾਣ ਕਰਾਓ । | |
| | **ਪ੍ਰਭਾਵਸ਼ਾਲੀ ਲਿਖਣ ਕੌਸ਼ਲ** | |
| **14.** | **ਕਿਸੇ ਇਕ** ਵਿਸ਼ੇ ਤੇ 100 ਤੋਂ 150 ਸ਼ਬਦਾਂ ਦਾ ਲੇਖ ਲਿਖੋ– | **1x5=5** |
| (ੳ) | ਕਰੋਨਾ ਵਾਇਰਸ ਦਾ ਜੀਵਨ ਤੇ ਪ੍ਰਭਾਵ | |
| | **ਜਾਂ** | |
| (ਅ) | ਮਨਿ ਜੀਤੇ ਜਗਿ ਜੀਤ | |
| | **ਜਾਂ** | |
| (ੲ) | ਕਿੱਤਾ ਮੁਖੀ ਸਿੱਖਿਆ ਦੀ ਲੋੜ | |
| **15.** | ਆਪਣੇ ਇਲਾਕੇ ਦੇ ਬਜ਼ੁਰਗਾਂ ਲਈ ਇਕ ਕਲੱਬ ਖੋਲ੍ਹਣ ਦੀ ਅਪੀਲ ਨੂੰ ਪੰਜਾਬੀ ਅਖ਼ਬਾਰ ਵਿੱਚ ਛਪਵਾਉਣ ਲਈ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। | **5** |
| | **ਜਾਂ** | |
| | ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ, ਜਿਸ ਵਿਚ ਨਿੱਤ ਵਰਤੋਂ ਦੀਆਂ ਚੀਜਾਂ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਚਿੰਤਾ ਪ੍ਰਗਟ ਕਰੋ। | |